ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਦਫਤਰ: ਵਣ ਮੰਡਲ ਅਫਸਰ, ਰੂਪਨਗਰ।
**E-Mail id: dforupar@gmail.com**
ਫੋਨ ਨੰਬਰ: 01881-222231

ਸੇਵਾ ਵਿਖੇ,

**Executive Engineer,**
**Central Works Division,**
**PWD B&R Br., Rupnagar.**

ਨੰਬਰ : 6277 / ਮਿਤੀ: 12-11-2021 /

ਵਿਸ਼ਾ :- **Proposal No. FP/PB/ROAD/147091/2021, Diversion of 0.44 Hectare of forest land in favour of Punjab PWD B&R for construction of Single Span (4-laned) 135m long Steel Bridge on Bhagwara-Banga-Nawanshahar-Ropar Road Km. 86.900 on Sirhind Canal of NH-344A under Forest Division and Distt. Rupnagar, Punjab.**

ਹਵਾਲਾ :- ਇਸ ਦਫਤਰ ਦੇ ਪੱਤਰ ਨੰਬਰ: 5157-58 ਮਿਤੀ: 27.09.2021 ਦੇ ਹਵਾਲੇ ਵਿੱਚ।

*****

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਲੋੜੀਂਦੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਅਤੇ ਗਰੀਨਿੰਗ ਪੰਜਾਬ ਫੰਡ ਫੀਸ ਹੇਠ ਲਿਖੇ ਅਨੁਸਾਰ ਇਸ ਦਫਤਰ ਵਿੱਚ ਤੁਰੰਤ ਜਮਾਂ ਕਰਵਾਈ ਜਾਵੇ ਜੀ:-

| ਲੜੀ ਨੰ: | ਫੀਸ ਦਾ ਵੇਰਵਾ | ਰਕਮ | ਇੰਨ ਫੇਵਰ ਆਫ |
|---|---|---|---|
| 1 | ਐਪਲੀਕੇਸ਼ਨ ਪ੍ਰੋਸੈਸਿੰਗ ਫੀਸ | 2000/- | https://ifms.punjab.gov.in/ Portal ਤੇ ਚਲਾਨ ਜਨਰੇਟ ਕਰਕੇ ਆਨ ਲਾਈਨ ਪ੍ਰੋਸੈਸ ਰਾਹੀਂ 8782-Cash remittance-103-Remittance (Major Head 8782, Minor Head-103) ਹੈਡ ਵਿੱਚ DDO Code 625 (DFO Rupnagar) ਵਿੱਚ ਜਮਾਂ ਕਰਵਾਕੇ ਬੈਂਕ ਰਸੀਦ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। |
| 2 | ਗਰੀਨਿੰਗ ਪੰਜਾਬ ਫੰਡ ਫੀਸ<br>**(4400 Sq. Mtr. X 50/-)** | 220000/- | ਮੁੱਖ ਵਣ ਪਾਲ (ਐਫ.ਸੀ.ਏ)-ਕਮ- ਨੋਡਲ ਅਫਸਰ, ਪੰਜਾਬ, ਐਸ.ਏ.ਐਸ. ਨਗਰ ਜੀ ਦੇ ਹੁਕਮਾਂ ਅਨੁਸਾਰ GPM ਦੀ ਫੀਸ ਕੇਵਲ ਆਨ ਲਾਈਨ ਟਰਾਂਸਫਰ/RTGS ਰਾਹੀਂ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਜਮਾਂ ਕਰਵਾਈ ਜਾਵੇ।<br><br>**Name of Beneficiary:** Green Punjab Mission FCA Fees<br>**Banker Name :** Punjab National Bank<br>**Address:** Sector-62, ViKas Bhawan, Mohali.<br>**Account No :** 14880001001175523<br>**IFSC Code :** PUNB0755200 |

ਉਪਰੋਕਤ ਤੋਂ ਇਲਾਵਾ ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਪ੍ਰਪੋਜਲ ਸਬੰਧੀ ਹੇਠ ਲਿਖੇ ਅਨੁਸਾਰ ਜਾਣਕਾਰੀ ਇਸ ਦਫਤਰ ਨੂੰ ਦਿੱਤੀ ਜਾਵੇ ਜੀ:-

1) ਨਹਿਰੀ ਵਿਭਾਗ/ਇਰੀਗੇਸ਼ਨ ਵਿਭਾਗ ਤੋਂ ਐਨ.ਓ.ਸੀ. ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ।
2) ਇਹ ਸਪਸ਼ਟ ਕੀਤਾ ਜਾਵੇ ਕਿ ਡਾਇਵਰਟ ਹੋਣ ਵਾਲੇ ਵਣ ਰਕਬੇ ਦੀ ਮਾਲਕੀ ਕਿਹੜੇ ਵਿਭਾਗ ਦੀ ਹੈ।
3) ਜਿਲਾ ਮੈਜਿਸਟ੍ਰੇਟ, ਰੂਪਨਗਰ ਜੀ ਦੇ ਦਫਤਰ ਤੋਂ ਐਫ.ਆਰ.ਏ. ਦਾ ਸਰਟੀਫਿਕੇਟ ਪ੍ਰਾਪਤ ਕਰਕੇ ਵੈਬ ਸਾਈਟ ਤੇ ਅੱਪਲੋਡ ਕੀਤਾ ਜਾਵੇ।
4) ਸਰਵੇ ਆਫ ਇੰਡੀਆ ਦੀ ਸੀਟ ਤੇ ਪ੍ਰੋਜੈਕਟ ਲੋਕੇਸ਼ਨ ਮਾਰਕ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ।

ਵਣ ਮੰਡਲ ਅਫਸਰ, o/c
ਰੂਪਨਗਰ।
12/11

Scanned with CamScanner

ਪਿੱਠ ਅੰਕਣ ਨੰਬਰ: 6278 /

ਮਿਤੀ: 12-11-2021 /

ਇਸ ਦੀ ਇੱਕ ਨਕਲ ਵਣ ਰੇਜ ਅਫਸਰ, ਰੂਪਨਗਰ ਨੂੰ ਉਹਨਾਂ ਦੇ ਪੱਤਰ ਨੰਬਰ: 433 ਮਿਤੀ: 11.11.2021 ਦੇ ਹਵਾਲੇ ਵਿੱਚ ਭੇਜ ਕਿ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਜੋ ਰਿਪੋਟ ਕੀਤੀ ਗਈ ਹੈ, ਇਹ ਅਧੂਰੀ ਹੈ। ਇਸ ਲਈ ਨਿਰਧਾਰਤ ਪ੍ਰਫਾਰਮਿਆਂ ਤੇ ਮੁਕੰਮਲ ਰਿਪੋਟ ਇਸ ਦਫਤਰ ਨੂੰ ਕਰਨੀ ਯਕੀਨੀ ਬਣਾਈ ਜਾਵੇ। ਆਪ ਵਲੋਂ ਜੋ ਸੀ.ਏ. ਸਾਈਟ ਪ੍ਰੋਪੋਜਡ ਕੀਤੀ ਗਈ ਹੈ, ਇਸਦੀ ਗੂਗਲ ਈਮੇਜ ਵੇਖਣ ਤੇ ਪਾਇਆ ਗਿਆ ਹੈ ਕਿ ਇਹ ਏਰੀਆ ਪਹਿਲਾਂ ਹੀ ਡੈਨਸ ਫਾਰੈਸਟ ਹੈ ਅਤੇ ਇਸ ਰਕਬੇ ਵਿੱਚ ਪਹਿਲਾਂ ਹੀ ਬਹੁਤ ਰੁੱਖ ਖੜ੍ਹੇ ਹਨ, ਇਸ ਲਈ ਸੀ.ਏ. ਸਾਈਟ ਰਿਵਾਈਜਡ ਕਰਕੇ ਭੇਜੀ ਜਾਵੇ। ਰੁੱਖਾਂ ਦੀ ਮਾਰਕਿੰਗ ਲਿਸਟਾਂ ਦੇ ਉਪਰ ਵਣ ਸਟ੍ਰੀਪ ਦਾ ਨਾਂ ਵੀ ਲਿਖਿਆ ਜਾਵੇ। ਜਦੋਂ ਤੱਕ ਇਸ ਕੇਸ ਦੀ ਫਾਈਨਲ ਪ੍ਰਵਾਨਗੀ ਭਾਰਤ ਸਰਕਾਰ ਪਾਸੋਂ ਪ੍ਰਾਪਤ ਨਹੀਂ ਹੋ ਜਾਂਦੀ ਹੈ, ਉਦੋਂ ਤੱਕ ਮੌਕੇ ਤੇ ਵਣ ਰਕਬੇ ਵਿੱਚ ਕਿਸੇ ਕਿਸਮ ਦੀ ਕੋਈ ਉਲੰਘਣਾਂ ਨਾ ਹੋਣ ਦਿੱਤੀ ਜਾਵੇ।

ਵਣ ਮੰਡਲ ਅਫਸਰ,
ਰੂਪਨਗਰ।

Scanned with CamScanner